# TODAY'S HUKAMNAMA FROM SRI DARBAR SAHIB
## Sri Amritsar.

**[June 11, 2013, Tuesday 04:30 AM. IST]**

ਬੈਰਾੜੀ ਮਹਲਾ ੪ ॥

ਜਪਿ ਮਨ ਹਰਿ ਨਿਰੰਜਨੁ ਨਿਰੰਕਾਰਾ ॥ ਸਦਾ ਸਦਾ ਹਰਿ ਧਿਆਈਐ ਸੁਖਦਾਤਾ ਜਾ ਕਾ ਅੰਤੁ ਨ ਪਾਰਾਵਾਰਾ ॥੧॥ ਰਹਾਉ ॥ ਅਗਨਿ ਕੁੰਟ ਮਹਿ ਉਰਧ ਲਿਵ ਲਾਗਾ ਹਰਿ ਰਾਖੈ ਉਦਰ ਮੰਝਾਰਾ ॥ ਸੋ ਐਸਾ ਹਰਿ ਸੇਵਹੁ ਮੇਰੇ ਮਨ ਹਰਿ ਅੰਤਿ ਛਡਾਵਣਹਾਰਾ ॥੧॥ ਜਾ ਕੈ ਹਿਰਦੈ ਬਸਿਆ ਮੇਰਾ ਹਰਿ ਹਰਿ ਤਿਸੁ ਜਨ ਕਉ ਕਰਹੁ ਨਮਸਕਾਰਾ ॥ ਹਰਿ ਕਿਰਪਾ ਤੇ ਪਾਈਐ ਹਰਿ ਜਪੁ ਨਾਨਕ ਨਾਮੁ ਅਧਾਰਾ ॥੨॥੫॥

ਗੁਰਮਤਿ ਦਾ ਸਿਮਰਨ ਅੰਤਰਮੁਖੀ ਹੈ ।ਪਰਮਾਤਮਾ ਦਾ ਕੋਈ ਰੂਪ ਸਰੂਪ ਨਹੀ ਤੇ ਨਾਹ ਕੋਈ ਹੱਦ ਬੰਨਾ ਹੈ । ਸੋ ਬਾਹਰੋਂ ਮਨੁੱਖ ਉਸਦਾ ਪਾਰਾਵਾਰ ਕਿਵੇਂ ਪਾ ਸਕਦਾ ਹੈ ? ਪਰੰਤੂ ਜੇ ਮਨ ਵਿਚ ਵਿਚਾਰ ਕਰੀਏ ਤਾਂ ਉਹ ਹਰ ਵੇਲੇ ਜੀਵ ਦੇ ਅੰਗਸੰਗ ਹੈ ।ਪਹਿਲਾਂ ਤਾਂ ਮਾਂ ਦੇ ਗਰਭ ਦੀ ਅੱਗ ਵਿਚ ਇਸਦੀ ਪਾਲਨਾ ਕਰਦਾ ਹੈ ।ਜੀਵਨ ਦੇ ਅੰਤ ਮਗਰੋਂ ਵੀ ਜੀਵ ਦਾ ਸਹਾਇਕ ਬਣਦਾ ਹੈ ।ਸੋ ਗੁਰਬਾਣੀ ਦੁਆਰਾ ਉਸਨੂੰ ਅੰਤਰ ਆਤਮਾਂ ਵਿਚ ਵਸਾਉਣਾ ਤੇ ਉਸਦਾ ਸਿਮਰਨ ਕਰਨਾ ਹੀ ਵਾਹਿਗੁਰੂ ਦੀ ਸੱਚੀ ਭਗਤੀ ਹੈ ।